# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 Pm**

**ਮਿਤੀ: 01-07-2024**

- ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ ਅਨੁਸਾਰ, ਅੱਜ ਤੋਂ ਲਾਗੂ ਤਿੰਨ ਨਵੇਂ ਅਪਰਾਧਿਕ ਕਾਨੂੰਨ, ਦੇਸ਼ ਵਿੱਚ ਸਭ ਤੋਂ ਆਧੁਨਿਕ ਅਪਰਾਧਿਕ ਨਿਆਂ ਪ੍ਰਣਾਲੀ ਵੱਲ ਲੈ ਕੇ ਜਾਣਗੇ।
- ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਏ, ਕਿ ਕਿਸੇ ਵੀ ਧਰਮ ਦਾ ਕੋਈ ਵੀ ਤੀਰਥ ਸਥਾਨ, ਟੂਰਿਸਟ ਪਲੇਸ ਨਹੀਂ ਬਣਨਾ ਚਾਹੀਦਾ ।
- PGI ਚੰਡੀਗੜ੍ਹ ਵਿਚ ਲੁਧਿਆਣਾ ਦੇ ਇਕ ਪਰਿਵਾਰ ਨੇ ਅੰਗ ਦਾਨ ਰਾਹੀਂ, ਆਪਣੀ ਮ੍ਰਿਤਕ ਪੂਜਾ ਅਰੋੜਾ ਦੇ ਜੀਵਨ ਤੇ ਵਿਰਾਸਤ ਨੂੰ ਅਮਰ ਕਰਦਿਆਂ, ਚਾਰ ਜ਼ਿੰਦਗੀਆਂ ਨੂੰ ਰੋਸ਼ਨ ਕੀਤਾ।

---

ਤਿੰਨ ਨਵੇਂ ਅਪਰਾਧਿਕ ਕਾਨੂੰਨ - ਭਾਰਤੀ ਨਿਆ ਸੰਹਿਤਾ- 2023, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ- 2023 ਅਤੇ ਭਾਰਤੀ

ਸਾਕਸ਼ਯ ਅਧਿਨਿਯਮ- 2023, ਅੱਜ ਤੋਂ ਲਾਗੂ ਹੋ ਗਏ ਨੇ। ਨਵੀਂ ਦਿੱਲੀ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ., ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ, ਇਹ ਕਾਨੂੰਨ ਦੇਸ਼ ਵਿੱਚ ਸਭ ਤੋਂ ਆਧੁਨਿਕ ਅਪਰਾਧਿਕ ਨਿਆਂ ਪ੍ਰਣਾਲੀ ਵੱਲ ਲੈ ਕੇ ਜਾਣਗੇ। ਉਨ੍ਹਾਂ ਕਿਹਾ ਕਿ ਅਪਰਾਧਿਕ ਨਿਆਂ ਪ੍ਰਣਾਲੀ ਹੁਣ ਪੂਰੀ ਤਰ੍ਹਾਂ 'ਸਵਦੇਸ਼ੀ' ਏ ਅਤੇ ਆਜ਼ਾਦੀ ਤੋਂ ਬਾਅਦ ਭਾਰਤੀ ਲੋਕ-ਪ੍ਰਣਾਲੀ ਵਿਚ ਸ਼ਾਮਲ ਏ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਸਰਕਾਰ ਨੇ ਦੇਸ਼ - ਧ੍ਰੋਹ ਕਾਨੂੰਨ ਖਤਮ ਕਰ ਦਿੱਤਾ ਏ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਵਿਰੁੱਧ ਨਵੀਆਂ ਵਿਵਸਥਾਵਾਂ ਲਾਗੂ ਕੀਤੀਆਂ ਨੇ। ਉਨਾਂ ਕਿਹਾ ਕਿ ਮਹਿਲਾ ਸਸ਼ਕਤੀਕਰਨ 'ਤੇ ਕਾਨੂੰਨਾਂ ਵਿਚ ਖਾਸ ਜ਼ੋਰ ਦਿੱਤਾ ਗਿਆ ਏ।

---------------------------------------------------------------

ਦੇਸ਼ ਵਿਚ ਬੀਤੀ ਰਾਤ ਜਿਵੇਂ ਹੀ ਘੜੀ ਦੀ ਵੱਡੀ ਅਤੇ ਛੋਟੀ ਸੂਈ 12 'ਤੇ ਪਹੁੰਚੀ, ਤਾਂ 1 ਜੁਲਾਈ ਦੀ ਤਾਰੀਖ ਨੇ, ਭਾਰਤੀ ਦੰਡਾਵਲੀ ਵਿਚ ਇਕ ਨਵਾਂ ਇਤਿਹਾਸ ਲਿਖ ਦਿੱਤਾ। IPC, CRPC ਅਤੇ ਇੰਡੀਅਨ ਐਵੀਡੈਂਸ ਐਕਟ ਦੀ ਥਾਂ, ਨਵੇਂ ਕਾਨੂੰਨ ਲਾਗੂ ਹੋ ਗਏ। ਇਨਾਂ ਨਵੇਂ ਕਾਨੂੰਨਾਂ ਵਿੱਚ

ਤੇਜ਼ੀ ਨਾਲ ਨਿਆਂ ਯਕੀਨੀ ਬਣਾਉਣ ਲਈ, FIR ਤੋਂ ਲੈ ਕੇ ਫੈਸਲੇ ਤੱਕ ਦੀ ਸਮਾਂ ਹੱਦ ਤੈਅ ਕੀਤੀ ਗਈ ਏ ।

----------------------------------------------------

ਏਧਰ ਪੰਜਾਬ ਪੁਲਿਸ ਹੈੱਡ-ਕੁਆਰਟਰ ਦੇ ਆਈ. ਜੀ. ਡਾਕਟਰ ਸੁਖਚੈਨ ਸਿੰਘ ਗਿੱਲ ਨੇ ਕਿਹਾ ਕਿ, ਪੰਜਾਬ ਵਿਚ ਵੀ ਇਹ ਕ਼ਾਨੂਨ ਲਾਗੂ ਹੋ ਗਏ ਨੇ ਅਤੇ 20 ਹਜ਼ਾਰ ਤੋਂ ਵੱਧ ਪੁਲਿਸ ਜਵਾਨਾਂ ਤੇ ਅਧਿਕਾਰੀਆਂ ਨੂੰ ਕਾਨੂੰਨਾਂ ਬਾਰੇ ਸਿਖਲਾਈ ਦਿੱਤੀ ਗਈ ਏ ।

----------------------------------------------------

ਤੇਲ ਮਾਰਕੀਟਿੰਗ ਕੰਪਨੀਆਂ ਨੇ ਵਪਾਰਕ LPG ਗੈਸ ਸਿਲੰਡਰ ਦੀ ਕੀਮਤ ਵਿੱਚ, 30 ਰੁਪਏ ਦੀ ਕਟੌਤੀ ਕੀਤੀ ਏ । 19 ਕਿਲੋ ਦੇ ਵਪਾਰਕ ਸਿਲੰਡਰ ਦੀ ਕੀਮਤ ਵਿੱਚ ਬਦਲਾਅ ਅੱਜ ਤੋਂ ਲਾਗੂ ਹੋਵੇਗਾ ।

----------------------------------------------------

ਭਾਰਤੀ ਜਨਤਾ ਪਾਰਟੀ ਮਹਿਲਾ ਮੋਰਚਾ ਪੰਜਾਬ ਦੀ ਪ੍ਰਧਾਨ ਜੈ ਇੰਦਰ ਕੌਰ ਨੇ, ਜਲੰਧਰ ਵਿਚ ਅੱਜ ਸਹਾਇਕ ਪੁਲਿਸ ਕਮਿਸ਼ਨਰ ਨੂੰ ਇੱਕ ਮੰਗ ਪੱਤਰ ਸੌਂਪਿਆ, ਜਿਸ ਵਿੱਚ ਭਗਤ ਬੁੱਢਾ ਮੱਲ ਪਾਰਕ, ਭਾਰਗੋ ਕੈਂਪ ਵਿੱਚ ਫੈਲੇ ਨਸ਼ਿਆਂ ਵਿਰੁੱਧ, ਤੁਰੰਤ ਕਾਰਵਾਈ ਦੀ ਮੰਗ ਕੀਤੀ ਗਈ ਏ ।

ਪਾਰਕ ਵਿੱਚ ਨਸ਼ਿਆਂ ਦੀ ਖੁੱਲ੍ਹੇਆਮ ਵਿਕਰੀ ਅਤੇ ਸੇਵਨ 'ਤੇ ਉਨਾਂ ਡੂੰਘੀ ਚਿੰਤਾ ਪ੍ਰਗਟਾਈ। ਜੈ ਇੰਦਰ ਕੌਰ ਨੇ ਨਸ਼ਿਆਂ ਦੇ ਖਾਤਮੇ ਦੇ ਵਾਅਦਿਆਂ ਦੇ ਬਾਵਜੂਦ ਆਮ ਆਦਮੀ ਪਾਰਟੀ ' ਸਰਕਾਰ ਵਲੋਂ ਨਸ਼ਾਖੋਰੀ 'ਤੇ ਰੋਕ ਲਗਾਉਣ ਵਿਚ ਨਾਕਾਮ ਰਹਿਣ ਦੀ ਆਲੋਚਨਾ ਕੀਤੀ। ਮੰਗ ਪੱਤਰ ਵਿੱਚ ਛਾਪੇਮਾਰੀ ਕਰਕੇ ਨਸ਼ਾ ਤਸਕਰਾਂ ਨੂੰ ਫੜਨ, ਨਸ਼ਿਆਂ ਦੀ ਗਤੀਵਿਧੀ ਨੂੰ ਨੱਥ ਪਾਉਣ ਲਈ ਇਲਾਕੇ ਵਿੱਚ ਪੁਲਿਸ ਗਸ਼ਤ ਵਧਾਉਣ ਅਤੇ ਨਸ਼ਿਆਂ ਦੀ ਰੋਕਥਾਮ ਲਈ ਜਾਗਰੂਕਤਾ ਲਈ ਕਦਮ ਚੁੱਕਣ ਦੀ ਮੰਗ ਕੀਤੀ ਗਈ ਏ।

-----------------------------------------------------

ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਏ, ਕਿ ਭਾਰਤ ਵਿੱਚ ਕੋਈ ਵੀ ਤੀਰਥ ਸਥਾਨ ਹੋਵੇ ਚਾਹੇ ਉਹ ਹਿੰਦੂਆਂ ਦਾ ਹੋਵੇ ਚਾਹੇ ਉਹ ਸਿੱਖਾਂ ਦਾ, ਤੇ ਚਾਹੇ ਉਹ ਮੁਸਲਮਾਨਾਂ ਦਾ ਹੋਵੇ- ਕੋਈ ਵੀ ਤੀਰਥ ਸਥਾਨ ਟੂਰਿਸਟ ਪਲੇਸ ਨਹੀਂ ਬਣਨਾ ਚਾਹੀਦਾ ਏ। ਅੰਮ੍ਰਿਤਸਰ ਵਿਖੇ ਸ਼੍ਰੀ ਅਕਾਲ ਤਖਤ ਸਾਹਿਬ ’ਤੇ ਪਹੁੰਚੇ, ਗਿਆਨੀ ਹਰਪ੍ਰੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ, ਤੀਰਥ ਸਥਾਨ ਆਸਥਾ ਦਾ ਕੇਂਦਰ ਹੁੰਦੇ ਨੇ ਅਤੇ ਯਾਤਰੀਆਂ ਨੂੰ ਚਾਹੀਦਾ ਏ ਕਿ ਇਸ ਨੂੰ ਆਸਥਾ ਦਾ ਕੇਂਦਰ ਹੀ ਰਹਿਣ

ਦੇਣ ਅਤੇ ਸ਼ਰਧਾ ਤੇ ਸਤਿਕਾਰ ਨਾਲ ਤੀਰਥ ਸਥਾਨਾਂ 'ਤੇ ਜਾ ਕੇ ਮੱਥਾ ਟੇਕਣ। ਉਨਾਂ ਕਿਹਾ ਕਿ ਅਕਾਲੀ ਦਲ ਪਾਰਟੀ ਦਾ ਦੋ ਫਾੜ ਹੋਣਾ ਬਹੁਤ ਹੀ ਮੰਦਭਾਗਾ ਏ ਅਤੇ ਕੋਈ ਵੀ ਪਾਰਟੀ ਦੋ ਫਾੜ ਨਹੀਂ ਹੋਣੀ ਚਾਹੀਦੀ। ਉਨਾਂ ਕਿਹਾ ਕਿ ਪਾਰਟੀ ਦੇ ਆਪਸੀ ਮਤਭੇਦਾਂ ਨੂੰ ਪਾਰਟੀ ਨੂੰ ਆਪਸ ਵਿੱਚ ਬੈਠ ਕੇ ਹੀ ਸੁਲਝਾਣਾ ਚਾਹੀਦਾ ਏ।

---------------------------------------------------------------

**ਇਸੇ** ਦੌਰਾਨ ਸ਼੍ਰੋਮਣੀ ਅਕਾਲੀ ਦਲ ਤੋਂ ਬਾਗੀ ਹੋਏ ਅਕਾਲੀ ਆਗੂਆਂ ਨੇ, ਅੱਜ ਅੰਮ੍ਰਿਤਸਰ ਵਿਚ ਸ਼੍ਰੀ ਅਕਾਲ ਤਖਤ ਸਾਹਿਬ ਤੇ ਪਹੁੰਚ ਕੇ, ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਖਿਮਾ ਯਾਚਨਾ ਪੱਤਰ ਸੌਂਪਿਆ ਅਤੇ ਅਰਦਾਸ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ ਅਤੇ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਅਕਾਲੀ ਦਲ ਨੂੰ ਦੁਬਾਰਾ ਜੋੜਨ ਲਈ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਆ ਕੇ ਅਰਦਾਸ ਕੀਤੀ ਏ ਅਤੇ ਆਪਣੀ ਭੁੱਲ ਬਖਸ਼ਾਈ ਏ। ਅਕਾਲੀ ਦਲ ਦੇ ਬਾਗੀ ਧੜੇ 'ਤੇ BJP ਦੀ ਬੀ ਟੀਮ ਸੰਬੰਧੀ ਲੱਗ ਰਹੇ ਇਲਜ਼ਾਮ ਨੂੰ ਉਨਾਂ ਗਲਤ ਦੱਸਿਆ ਅਤੇ ਕਿਹਾ ਕਿ ਜੇਕਰ ਉਹ ਬੀਜੇਪੀ ਦੀ ਬੀ ਟੀਮ ਹੁੰਦੀ ਤੇ ਉਨ੍ਹਾਂ ਅਕਾਲੀ ਦਲ ਨੂੰ ਕਦੇ ਵੀ ਦੁਬਾਰਾ ਜੋੜਨ ਦੀ ਗੱਲ ਨਹੀਂ ਕਰਨੀ ਸੀ। ਉਨਾਂ ਕਿਹਾ ਕਿ ਉਹ

ਕੋਈ ਵੀ ਨਵਾਂ ਅਕਾਲੀ ਦਲ ਨਹੀਂ ਬਣਾਉਣਗੇ ਅਤੇ ਪੁਰਾਣੇ ਅਕਾਲੀ ਦਲ ਨੂੰ ਹੀ ਮਜਬੂਤ ਕਰਨਗੇ।

----------------------------------------------------

ਅੱਜ “ਰਾਸ਼ਟਰੀ ਡਾਕਟਰ ਦਿਵਸ” ਏ। ਇਸ ਮੌਕੇ ਸਿਹਤ ਵਿਭਾਗ ਵਲੋਂ ਵੱਖ ਵੱਖ ਜ਼ਿਲਿਆਂ ਵਿਚ ਸਮਾਗਮ ਕਰਵਾਏ ਗਏ। ਬਰਨਾਲਾ ਵਿਖੇ ਸਿਵਲ ਸਰਜਨ ਡਾ. ਹਰਿੰਦਰ ਸ਼ਰਮਾ ਦੀ ਅਗਵਾਈ ਹੇਠ ਇਹ ਦਿਨ ਮਨਾਇਆ ਗਿਆ। ਇਸ ਮੌਕੇ ਉਨਾਂ ਦੱਸਿਆ ਕਿ ਰਾਸ਼ਟਰੀ ਡਾਕਟਰ ਦਿਵਸ 'ਤੇ ਪੰਜਾਬ ਸਰਕਾਰ ਸਮੂਹ ਮਿਹਨਤਕਸ਼ ਡਾਕਟਰਾਂ ਦੇ ਯਤਨਾਂ ਤੇ ਲਗਨ ਨੂੰ ਸਲਾਮ ਕਰਦੀ ਏ। ਡੀ.ਐਮ.ਸੀ. ਡਾ. ਗੁਰਮਿੰਦਰ ਕੌਰ ਔਜਲਾ ਨੇ ਕਿਹਾ ਕਿ ਡਾਕਟਰ ਦਿਵਸ ਸਮਾਜ ਲਈ ਡਾਕਟਰਾਂ ਦੇ ਅਣਮੁੱਲੇ ਯੋਗਦਾਨ ਦਾ ਸਨਮਾਨ ਕਰਨ ਅਤੇ ਉਨ੍ਹਾਂ ਨੂੰ ਮਾਨਤਾ ਦੇਣ ਲਈ ਮਨਾਇਆ ਜਾਂਦਾ ਏ। ਇਹ ਜੀਵਨ ਬਚਾਉਣ, ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਅਤੇ ਦੁੱਖਾਂ ਨੂੰ ਦੂਰ ਕਰਨ ਵਿੱਚ ਸਿਹਤ ਸੰਭਾਲ ਪੇਸ਼ੇਵਰਾਂ ਵਲੋਂ ਨਿਭਾਈ ਜਾਣ ਵਾਲੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੰਦਾ ਏ।

----------------------------------------------------

PGI ਚੰਡੀਗੜ੍ਹ ਵਿਚ ਲੁਧਿਆਣਾ ਦੇ ਇਕ ਅਰੋੜਾ ਪਰਿਵਾਰ ਨੇ ਅੰਗ

ਦਾਨ ਰਾਹੀਂ, ਆਪਣੀ ਮ੍ਰਿਤਕ ਪੂਜਾ ਅਰੋੜਾ ਦੇ ਜੀਵਨ ਤੇ ਵਿਰਾਸਤ ਨੂੰ ਅਮਰ ਕਰ ਦਿੱਤਾ । ਉਨ੍ਹਾਂ ਦੇ ਉਦਾਰ ਫੈਸਲੇ ਨੇ PGI ਵਿਖੇ ਗੰਭੀਰ ਗੁਰਦੇ ਫੇਲ੍ਹ ਹੋਣ ਵਾਲੇ 2 ਮਰੀਜ਼ਾਂ ਅਤੇ 2 ਹੋਰ ਕੋਰਨੀਅਲ ਨੇਤਰਹੀਣ ਮਰੀਜ਼ਾਂ ਸਮੇਤ ਚਾਰ ਜ਼ਿੰਦਗੀਆਂ ਨੂੰ ਰੋਸ਼ਨ ਕੀਤਾ ਏ । PGI ਦੇ ਡਾਇਰੈਕਟਰ ਪ੍ਰੋ: ਵਿਵੇਕ ਲਾਲ ਨੇ, ਦਾਨੀ ਪਰਿਵਾਰ ਦਾ ਤਹਿ ਦਿਲੋਂ ਧੰਨਵਾਦ ਅਤੇ ਸ਼ਲਾਘਾ ਕਰਦਿਆਂ ਕਿਹਾ ਕਿ ਪੂਜਾ ਅਰੋੜਾ ਦੇ ਪਰਿਵਾਰ ਵਲੋਂ ਅਜਿਹੇ ਔਖੇ ਸਮੇਂ ਅੰਗ ਦਾਨ ਦਾ ਫੈਸਲਾ ਇੱਕ ਅਸੰਭਵ ਦਿਆਲਤਾ ਵਾਲਾ ਕਾਰਜ ਏ । ਲੁਧਿਆਣਾ ਦੀ ਵਸਨੀਕ ਪੂਜਾ ਅਰੋੜਾ ਨੂੰ ਬੀਤੀ 18 ਜੂਨ ਨੂੰ ਇੰਟਰਾਵੇਂ-ਟ੍ਰਿਕੂਲਰ ਜਾਇੰਟ ਟਿਊਮਰ ਕਾਰਨ ਗੰਭੀਰ ਹਾਲਤ ਵਿੱਚ, PGI ਦਾਖਲ ਕਰਵਾਇਆ ਗਿਆ ਸੀ, ਪਰ ਉਨਾਂ ਨੂੰ ਬਚਾਇਆ ਨਹੀਂ ਜਾ ਸਕਿਆ ਅਤੇ ਬ੍ਰੇਨ ਸਟੈਮ ਡੈਥ ਕਮੇਟੀ ਨੇ, 26 ਜੂਨ ਨੂੰ ਪੂਜਾ ਅਰੋੜਾ ਨੂੰ ਬ੍ਰੇਨ ਡੈੱਡ ਐਲਾਨਿਆ । ਆਪਣੇ ਦੁੱਖ ਦੇ ਬਾਵਜੂਦ ਮ੍ਰਿਤਕ ਦੇ ਪਤੀ ਜਗਦੀਸ਼ ਅਰੋੜਾ ਨੇ ਅੰਗਾਂ ਨੂੰ ਦਾਨ ਕਰਨ ਦਾ ਦਲੇਰੀ ਭਰਿਆ ਫੈਸਲਾ ਲਿਆ ਅਤੇ ਆਪਣੇ ਨਿੱਜੀ ਦੁਖਾਂਤ ਨੂੰ ਦੂਜਿਆਂ ਲਈ ਜੀਵਨ ਦੇ ਦੂਜੇ ਪੜਾਅ ਵਿੱਚ ਬਦਲ ਦਿੱਤਾ ।

---

ਚੇਤਕ ਕੋਰ ਨੇ ਬਠਿੰਡਾ ਵਿਖੇ, ਅੱਜ ਆਪਣਾ 46ਵਾਂ ਸਥਾਪਨਾ ਦਿਵਸ ਮਨਾਇਆ । ਚੇਤਕ ਕੋਰ ਦੀ ਸਥਾਪਨਾ ਪਹਿਲੀ ਜੁਲਾਈ 1979 ਨੂੰ ਲੈਫਟੀਨੈਂਟ ਜਨਰਲ ਐਮ. ਐਲ. ਤੁਲੀ ਦੀ ਕਮਾਂਡ ਹੇਠ ਕੀਤੀ ਗਈ ਸੀ। ਇਸਦੀ ਸਥਾਪਨਾ ਤੋਂ ਬਾਅਦ ਚੇਤਕ ਕੋਰ ਇੱਕ ਉੱਚ ਪੇਸ਼ੇਵਰ ਅਤੇ ਕਾਰਜਸ਼ੀਲ ਤੌਰ 'ਤੇ ਪ੍ਰਭਾਵਸ਼ਾਲੀ ਗਠਨ ਦੇ ਰੂਪ ਵਿੱਚ, ਆਪਣੀ ਮੌਜੂਦਾ ਸਥਿਤੀ ਤੱਕ ਪਹੁੰਚਣ ਲਈ ਤਬਦੀਲੀਆਂ ਦੀ ਇੱਕ ਲੜੀ ਵਿੱਚੋਂ ਲੰਘਿਆ ਏ । ਇਸ ਮੌਕੇ ਨੂੰ ਯਾਦ ਕਰਨ ਲਈ, ਚੇਤਕ ਕੋਰ ਦੇ ਚੀਫ਼ ਆਫ਼ ਸਟਾਫ਼, ਮੇਜਰ ਜਨਰਲ ਮਨਦੀਪ ਸਿੰਘ ਗਿੱਲ, ਹੋਰ ਅਫ਼ਸਰਾਂ, ਜੇ.ਸੀ.ਓਜ਼ ਤੇ ਓ.ਆਰਜ਼ ਨੇ, ਇੱਕ ਸ਼ਾਨਦਾਰ ਸਮਾਗਮ ਵਿੱਚ 'ਯੋਧਾ ਯਾਦਗਰ' 'ਤੇ ਸ਼ਰਧਾਂਜਲੀ ਭੇਟ ਕੀਤੀ ਅਤੇ ਬਹਾਦਰ ਹਿਰਦਿਆਂ ਨੂੰ ਸ਼ਰਧਾਂਜਲੀ ਦਿੱਤੀ ।